# PRESS COVERAGE

# PTE English Testing Centre Established

# 25.03.2022

ਪਟਿਆਲਾ ਬਾਣੀ

# ਮੋਦੀ ਕਾਲਜ ਵਿਖੇ ਅੰਗਰੇਜ਼ੀ ਭਾਸ਼ਾ ਦੇ ਪੀ. ਟੀ. ਈ. ਟੈਸਟ ਸੈਂਟਰ ਦੀ ਸਥਾਪਨਾ




*ਪੀ. ਟੀ. ਈ. ਸੈਂਟਰ।* (ਜੋਸਨ)

ਪਟਿਆਲਾ, 24 ਮਾਰਚ (ਜੋਸਨ)- ਮੁਲਤਾਨੀ ਮੱਲ ਮੋਦੀ ਕਾਲਜ ਵੱਲੋਂ ਅੱਜ ਵਿਦੇਸ਼ ਜਾਣ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਦੀ ਸਹੂਲਤ ਲਈ ਪੀਅਰਸਨ ਗਰੁੱਪ ਦੇ ਸਹਿਯੋਗ ਨਾਲ ਅੰਗਰੇਜ਼ੀ ਭਾਸ਼ਾ ਦੇ ਪੀ. ਟੀ. ਈ. ਟੈਸਟ ਸੈਂਟਰ ਦੀ ਸਥਾਪਨਾ ਕੀਤੀ ਗਈ। ਇਹ ਸੈਂਟਰ ਅਤਿ-ਆਧੁਨਿਕ ਤਕਨੀਕੀ ਸੰਦਾਂ ਅਤੇ ਸੁਰੱਖਿਅਤ ਯੰਤਰਾਂ ਨਾਲ ਲੈਸ ਹੈ। ਇਸ ਟੈਸਟ ਦੀ ਤਿਆਰੀ ਲਈ ਢੁੱਕਵਾਂ ਅਤੇ ਨਿਰਪੱਖ ਸਕੋਰਿੰਗ ਲਈ ਪ੍ਰਬੰਧ ਮੁਹੱਈਆ ਕਰਵਾਏਗਾ। ਇਸ ਮੌਕੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਨਵੇਂ ਸੈਂਟਰ ਦੇ ਖੁੱਲ੍ਹਣ 'ਤੇ ਪੀਅਰਸਨ ਗਰੁੱਪ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਵਿਦਿਆਰਥੀਆਂ ਨੂੰ ਇਸ ਟੈਸਟ ਦੀ ਤਿਆਰੀ ਲਈ ਆਸਾਨੀ ਹੋਵੇਗੀ।

ਉਨ੍ਹਾਂ ਦੱਸਿਆ ਕਿ ਇਸ ਟੈਸਟ ਸੈਂਟਰ ਦੀ ਸਥਾਪਨਾ ਨਾਲ ਵਿਦੇਸ਼ ਜਾਣ ਦੇ ਚਾਹਵਾਨ ਵਿਦਿਆਰਥੀ ਆਪਣੀ ਰੁਟੀਨ ਪੜ੍ਹਾਈ ਦੇ ਨਾਲ-ਨਾਲ ਪੀ. ਟੀ. ਈ. ਦੀ ਤਿਆਰੀ ਲਈ ਉਪਲੱਬਧ ਉੱਚ-ਪੱਧਰੀ ਸਿੱਖਿਆ ਤਕਨੀਕਾਂ ਤੇ ਵਿਧੀਆਂ ਦਾ ਫਾਇਦਾ ਉੱਠਾ ਸਕਦੇ ਹਨ। ਟੈਸਟ ਸੈਂਟਰ ਦੇ ਮੈਨੇਜਰ ਡਾ. ਗਣੇਸ਼ ਸੇਠੀ ਨੇ ਦੱਸਿਆ ਕਿ ਪੀ. ਟੀ. ਈ. ਟੈਸਟ ਹਾਰਵਰਡ ਬਿਜ਼ਨਸ ਸਕੂਲ, ਯੇਲ ਯੂਨੀਵਰਸਿਟੀ, ਅਮਰੀਕਾ, ਯੂਨੀਵਰਸਿਟੀ ਆਫ ਯਾਰਕ, ਕੈਨੇਡਾ, ਆਕਸਫੋਰਡ ਯੂਨੀਵਰਸਿਟੀ ਤੇ ਲੰਡਨ ਬਿਜ਼ਨਸ ਸਕੂਲ ਲਈ ਪ੍ਰਮਾਣਿਤ ਹੈ। ਇਹ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਮੁਲਕਾਂ ਲਈ ਵੀ ਦਾਖਲੇ ਲਈ ਜ਼ਰੂਰੀ ਹੈ।

ਪੰਜਾਬੀ ਜਾਗਰਣ ਜਲੰਧਰ 25 ਮਾਰਚ 2022

# ਅੰਗਰੇਜ਼ੀ ਭਾਸ਼ਾ ਦੇ ਪੀਟੀਈ ਟੈਸਟ ਸੈਂਟਰ ਦੀ ਕੀਤੀ ਸਥਾਪਨਾ

**ਪੱਤਰ ਪ੍ਰੇਰਕ, ਪਟਿਆਲਾ** : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਲੋਂ ਅੱਜ ਵਿਦੇਸ਼ ਜਾਣ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਦੀ ਸਹੂਲਤ ਲਈ ਪੀਅਰਸਨ ਗਰੁੱਪ ਦੇ ਸਹਿਯੋਗ ਨਾਲ ਅੰਗਰੇਜ਼ੀ ਭਾਸ਼ਾ ਦੇ ਪੀਟੀਈ ਟੈਸਟ ਸੈਂਟਰ ਦੀ ਸਥਾਪਨਾ ਕੀਤੀ ਗਈ। ਇਹ ਸੈਂਟਰ ਅਤਿ-ਆਧੁਨਿਕ ਤਕਨੀਕੀ ਸੰਦਾਂ ਨਾਲ ਤੇ ਸੁਰੱਖਿਅਤ ਯੰਤਰਾਂ ਨਾਲ ਲੈਸ ਹੈ ਅਤੇ ਇਸ ਟੈਸਟ ਦੀ ਤਿਆਰੀ ਲਈ ਢੁੱਕਵਾਂ ਤੇ ਨਿਰਪੱਖ ਸਕੋਰਿੰਗ ਲਈ ਪ੍ਰਬੰਧ ਮੁਹੱਈਆ ਕਰਵਾਏਗਾ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਨਵੇਂ ਸੈਂਟਰ ਦੇ ਖੁੱਲ੍ਹਣ ਤੇ ਪੀਅਰਸਨ ਗਰੁੱਪ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਵਿਦਿਆਰਥੀਆਂ ਨੂੰ ਇਸ ਟੈਸਟ ਦੀ ਤਿਆਰੀ ਲਈ ਆਸਾਨੀ ਹੋਵੇਗੀ। ਉਨ੍ਹਾਂ ਨੇ ਦੱਸਿਆ ਕਿ ਇਸ ਟੈਸਟ ਸੈਟਰ ਦੀ ਸਥਾਪਨਾ ਨਾਲ ਵਿਦੇਸ਼ ਜਾਣ ਦੇ ਚਾਹਵਾਨ ਵਿਦਿਆਰਥੀ ਆਪਣੀ ਰੁਟੀਨ ਪੜ੍ਹਾਈ ਦੇ ਨਾਲ-ਨਾਲ ਪੀਟੀਈ ਦੀ ਤਿਆਰੀ ਲਈ ਉਪਲਬਧ ਉੱਚ-ਪੱਧਰੀ ਸਿੱਖਿਆ ਤਕਨੀਕਾਂ ਤੇ ਵਿਧੀਆਂ ਦਾ ਫਾਇਦਾ ਉਠਾ ਸਕਦੇ ਹਨ। ਇਸ ਸੈਂਟਰ ਦੀ ਸਥਾਪਨਾ ਰਾਹੀ ਅੰਗਰੇਜ਼ੀ ਭਾਸ਼ਾ ਦੇ ਪੀਟੀਈ ਦੇ ਟੈਸਟ ਦੀ ਤਿਆਰੀ ਕਰਨ ਲਈ ਵਿਸ਼ਵ-ਪੱਧਰੀ ਸੁਵਿਧਾਵਾਂ ਦੇਣ ਦਾ ਯਤਨ ਕੀਤਾ ਗਿਆ ਹੈ। ਡਾ. ਗਣੇਸ਼ ਸੇਠੀ, ਟੈਸਟ ਸੈਂਟਰ ਮੈਨੇਜਰ ਨੇ ਦੱਸਿਆ ਕਿ ਪੀਟੀਈ ਟੈਸਟ ਹਾਰਵਰਡ ਬਿਜ਼ਨੈੱਸ ਸਕੂਲ, ਆਕਸਫੋਰਡ ਯੂਨੀਵਰਸਿਟੀ ਤੇ ਲੰਡਨ ਬਿਜ਼ਨਸ ਸਕੂਲ ਲਈ ਪ੍ਰਮਾਨਿਤ ਹੈ।